ਵੱਲੋ

ਕਾਰਜਕਾਰੀ ਇੰਜੀਨੀਅਰ,

ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ,

ਸੰਗ੍ਰੂਰ।

ਵੱਲ

M/s JRG Laminates Pvt Ltd.,
Sunam.

ਨੰ. 6830 ਮਿਤੀ 18-11-21

ਵਿਸ਼ਾ:- **ਫੈਕਟਰੀ ਲਈ ਰਸਤੇ ਦੀ ਐਨ.ਓ.ਸੀ ਲੈਣ ਸਬੰਧੀ (ਸੁਨਾਮ-ਲਹਿਰਾ-ਜਾਖਲ ਰੋਡ)।**

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 6566 ਮਿਤੀ 25-10-2021 ਦੀ ਲਗਾਤਾਰਤਾ ਵਿੱਚ

ਉਪਰੋਕਤ ਵਿਸ਼ੇ ਸਬੰਧੀ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ, ਸੁਨਾਮ ਵੱਲੋਂ ਕੀਤੀ ਸਿਫਾਰਸ ਅਨੁਸਾਰ ਆਪ ਨੂੰ ਸੁਨਾਮ-ਲਹਿਰਾ-ਜਾਖਲ ਰੋਡ ਅਸੈਸ ਲਈ ਪ੍ਰੋਵੀਜਨਲ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ:-

1) ਪ੍ਰਾਰਥੀ ਵੱਲੋਂ ਮਹਿਕਮਾ ਪੀ.ਡਬਲਯੂ.ਡੀ ਦੀ ਬਾਊਂਡਰੀ ਅੰਦਰ ਕੋਈ ਉਸਾਰੀ ਨਹੀਂ ਕਰੇਗਾ।
2) ਪ੍ਰਾਰਥੀ ਪੀ.ਡਬਲਯੂ.ਡੀ. ਦੀ ਹੱਦ ਤੋਂ 10 ਮੀਟਰ ਦੇ ਘੇਰੇ ਅੰਦਰ ਬਾਉਂਡਰੀ ਵਾਲ ਕਰੇਗਾ ਅਤੇ ਹੋਰ ਕੋਈ ਵੀ ਪੱਕੀ ਉਸਾਰੀ ਪੁਡਾ/ਪੀ.ਡਬਲਯੂ.ਡੀ. ਦੀ ਹਦਾਇਤਾ ਮੁਤਾਬਿਕ ਕਰਨੀ ਯਕੀਨੀ ਬਣਾਵੇਗਾ।
3) ਪਾਣੀ ਦੀ ਡਿਸਪੋਜਲ ਵਾਸਤੇ ਡਰੇਨ ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇ ਤਾਂ ਜੋ ਸੜਕ ਨੂੰ ਕਿਸੇ ਕਿਸਮ ਦਾ ਨੁਕਸਾਨ ਨਾ ਹੋਵੇ।
4) ਸੜਕ ਦੀ ਜਗ੍ਹਾ ਵਿੱਚ ਕੂੜਾ-ਕਰਕਟ ਨਾ ਸੁੱਟਿਆ ਜਾਵੇ।
5) ਸੜਕ ਦੀ ਜਗ੍ਹਾ ਵਿੱਚ ਕੋਈ ਪਾਰਕਿੰਗ ਨਾ ਕੀਤੀ ਜਾਵੇ।
6) ਜੇਕਰ ਭਵਿੱਖ ਵਿੱਚ ਸੜਕ ਨੂੰ ਚੌੜਾ ਕਰਨਾ ਪਿਆ ਤਾਂ ਪਹਿਲਾਂ ਉਸਾਰੀ ਅਪਰੋਚ ਰੋਡ ਮਾਲਕ ਵੱਲੋਂ ਆਪਣੇ ਪੱਧਰ ਤੇ ਢੁਆਈ ਜਾਵੇਗੀ ਅਤੇ ਇਸ ਸਬੰਧੀ ਕੋਈ ਕਲੇਮ ਨਾ ਕੀਤਾ ਜਾਵੇ।
7) ਕਿਉਂ ਜੋ ਐਨ.ਓ.ਸੀ. ਪ੍ਰੋਵੀਜਨਲ ਰੂਪ ਵਿੱਚ ਉਸਾਰੀ ਤੋਂ ਪਹਿਲਾਂ ਜਾਰੀ ਕੀਤੀ ਜਾਣੀ ਹੈ। ਇਸ ਲਈ ਉਸਾਰੀ ਤੋਂ ਬਾਅਦ ਚੈਕਿੰਗ ਤੇ ਸਰਕਾਰ ਦੀ ਹਦਾਇਤਾਂ, ਨਿਯਮਾਂ ਆਦਿ ਦੀ ਉਲੰਘਣਾ ਪਾਈ ਗਈ ਤਾਂ ਐਨ.ਓ.ਸੀ. ਰੱਦ ਸਮਝੀ ਜਾਵੇਗੀ।
8) ਇਹ ਜੋ ਐਨ.ਓ.ਸੀ. ਪ੍ਰੋਵੀਜਨਲ ਰੂਪ ਵਿੱਚ ਸਿਰਫ ਸੁਨਾਮ-ਲਹਿਰਾ-ਜਾਖਲ ਰੋਡ ਤੋਂ ਉਸਾਰੀ ਜਾਣ ਵਾਲੀ ਫੈਕਟਰੀ ਦੇ ਗੇਟ ਤੱਕ ਦੇ ਰਸਤੇ ਲਈ ਹੀ ਪ੍ਰਵਾਨਤ ਹੋਵੇਗੀ ਅਤੇ ਕੀਤੀ ਗਈ ਕਿਸੇ ਵੀ ਤਰ੍ਹਾਂ ਦੀ ਉਸਾਰੀ (ਬਿਲਡਿੰਗ, ਸ਼ੈਡ, ਚਾਰਦੀਵਾਰੀ ਆਦਿ) ਦੀ ਜਿੰਮੇਵਾਰੀ ਪ੍ਰਾਰਥੀ ਦੀ ਨਿੱਜੀ ਹੋਵੇਗੀ। ਇਸ ਨਾਲ ਸਬੰਧਤ ਅਗਰ ਸਰਕਾਰ ਦੇ ਕਿਸੇ ਦੂਸਰੇ ਮਹਿਕਮਿਆਂ ਜੰਗਲਾਤ ਵਿਭਾਗ, ਮਿਊਂਸੀਪਲ ਕਮੇਟੀ ਜਾਂ ਕਿਸੇ ਹੋਰ ਵਿਭਾਗ ਤੋਂ ਕੋਈ ਐਨ.ਓ.ਸੀ.ਪ੍ਰਾਪਤ ਕੀਤੀ ਜਾਣੀ ਹੈ ਤਾਂ ਉਸਦੀ ਸਾਰੀ ਜਿੰਮੇਵਾਰੀ ਪ੍ਰਾਰਥੀ ਦੀ ਹੋਵੇਗੀ।

For JRG Laminates Pvt. Ltd.

Mohish

Director